ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 2228 ਸ.1/ਕਾਲਜ
ਮਿਤੀ: 12-8-2025

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ

ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ : ਸੈਸ਼ਨ 2025-26 ਦੌਰਾਨ ਦਾਖਲਾ ਸੈੱਟ ਤੇ ਨਿਰਧਾਰਤ ਮਿਤੀਆਂ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਕੇਸਾਂ ਦੇ ਜੁਰਮਾਨੇ ਦੇ ਸਬੰਧ ਵਿੱਚ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਹੋਏ ਆਦੇਸ਼ਾਂ ਅਨੁਸਾਰ ਸੂਚਿਤ ਕੀਤਾ ਜਾਂਦਾ ਹੈ ਕਿ ਮੌਜੂਦਾ ਸੈਸ਼ਨ 2025-26 ਦੌਰਾਨ ਦਾਖਲਾ ਸੈੱਟ ਨਾਲ ਸਬੰਧਤ ਵੱਖ-ਵੱਖ ਕੇਸ ਜਿਹੜੇ ਸਬੰਧਤ ਕਾਲਜਾਂ ਵੱਲੋਂ ਅਣਗਹਿਲੀ/ਯੂਨੀਵਰਸਿਟੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ, ਸਾਰੀਆਂ ਨਿਰਧਾਰਤ ਮਿਤੀਆਂ ਲੰਘਣ ਤੋਂ ਬਾਅਦ ਭੇਜੇ ਜਾਂਦੇ ਹਨ, ਦੇ ਸਬੰਧ ਵਿੱਚ ਪਿਛਲੇ ਅਕਾਮਿਕ ਸੈਸ਼ਨਾਂ ਦੇ ਪੈਟਰਨ ਤੇ , ਪੰਜਾਬੀ ਮੁੱਢਲਾ ਗਿਆਨ ਦੇ ਕੇਸਾਂ ਲਈ ਜੁਰਮਾਨਾ ਰਾਸ਼ੀ 10,000/-ਰੁਪਏ (ਪ੍ਰਤੀ ਵਿਦਿਆਰਥੀ) ਅਤੇ ਡੈਫੀਸ਼ੈਂਟ ਪੇਪਰਾਂ ਦੀ ਜਾਣਕਾਰੀ ਦੇ ਕੇਸ/ਦਾਖਲਾ ਰੈਗੂਲਰਾਈਜੇਸ਼ਨ ਦੇ ਕੇਸ ਅਤੇ ਅਜਿਹੇ ਹੋਰ ਦਾਖਲਾ ਸੈੱਟ ਨਾਲ ਸਬੰਧਤ ਕੇਸਾਂ ਲਈ ਜੁਰਮਾਨਾ ਰਾਸ਼ੀ 20,000/-ਰੁਪਏ (ਪ੍ਰਤੀ ਵਿਦਿਆਰਥੀ) ਨਿਰਧਾਰਤ ਕੀਤੀ ਜਾਂਦੀ ਹੈ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕੇਸ ਨਿਰਧਾਰਤ ਮਿਤੀਆਂ ਤੱਕ ਮੁਕੰਮਲ ਦਸਤਾਵੇਜ਼ਾਂ ਸਹਿਤ ਪ੍ਰਾਪਤ ਨਹੀਂ ਹੁੰਦੇ ਭਾਵ ਕਾਲਜਾਂ ਵੱਲੋਂ ਵਿਦਿਆਰਥੀਆਂ ਦੇ ਵੱਖ-ਵੱਖ ਕੇਸ ਤਾਂ ਭੇਜ ਦਿੱਤੇ ਜਾਂਦੇ ਹਨ ਪ੍ਰੰਤੂ ਸਬੰਧਤ ਦਸਤਾਵੇਜ਼ ਕੇਸ ਦੇ ਨਾਲ ਨਹੀਂ ਭੇਜੇ ਜਾਂਦੇ ਅਜਿਹੇ ਅਧੂਰੇ ਰੂਪ ਵਿੱਚ ਪ੍ਰਾਪਤ ਕੇਸ ਵੀ ਉਕਤ ਅਨੁਸਾਰ ਜੁਰਮਾਨੇ ਅਧੀਨ ਵਿਚਾਰੇ ਜਾਣਗੇ ਜੀ।

07/08/2025

ਡੀਨ, ਕਾਲਜ ਵਿਕਾਸ ਕੌਂਸਲ